# ਪੰਜਾਬ ਸਟੇਟ ਮਿਡ-ਡੇ-ਮੀਲ ਸੁਸਾਇਟੀ

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ ਬਲਾਕ, ਪੰਜਵੀਂ ਮੰਜਿਲ,
ਅਜੀਤਗੜ੍ਹ (ਮੋਹਾਲੀ) ਪੰਜਾਬ E-mail id: mdmpunjab@punjabeducation.gov.in
ਫੋਨ ਨੰ.0172-2210019

ਵੱਲ:

ਅਤਿ ਜਰੂਰੀ
ਲੈਕਚਰ
ਐਜੂਸੈਂਟ ਰਾਂਹੀ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ),
ਸਮੂਹ ਬੀ.ਪੀ.ਈ.ਓਜ਼, ਪੰਜਾਬ,
ਸਮੂਹ ਸਕੂਲ ਮੁੱਖੀ (ਵੈਬ-ਸਾਇਟ ਤੇ)
ਪੰਜਾਬ।

ਮੀਮੋ ਨੰ.ਐਮ.ਡੀ.ਐਮ.ਐਸ./ਜੀ.ਐਮ./E-231733/2021/ 359139
ਮਿਤੀ : 09/11/2021

ਵਿਸ਼ਾ:- ਕੈਨਰਾ ਬੈਂਕ ਵਿੱਚ ਖਾਤਾ ਖੁਲਵਾਉਣ, SNA Concept, PFMS Portal ਅਤੇ ਮਿਡ ਡੇ ਮੀਲ ਸਕੀਮ ਅਧੀਨ ਫੰਡ ਜਾਰੀ ਕਰਨ ਸਬੰਧੀ ਨਵੇ ਸਿਸਟਮ ਦੀ ਵਰਤੋ ਹਿੱਤ ਐਜੂਸੈਂਟ ਰਾਂਹੀ ਹੋਣ ਵਾਲੇ Lecture ਸਬੰਧੀ।

ਆਪ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋ ਮਿਡ ਡੇ ਮੀਲ ਸਕੀਮ ਅਧੀਨ ਫੰਡਜ਼ ਜਾਰੀ ਕਰਨ ਸਬੰਧੀ ਪ੍ਰਕ੍ਰਿਆਂ ਵਿੱਚ ਬਦਲਾਅ ਕਰ ਦਿੱਤਾ ਗਿਆ ਹੈ ਅਤੇ ਹੁਣ ਨਵੇਂ ਸਿਸਟਮ ਅਨੁਸਾਰ ਸਕੂਲਾਂ ਤੱਕ ਕੋਈ ਵੀ ਫੰਡ ਖਾਤਿਆਂ ਵਿੱਚ ਨਹੀ ਜਾਵੇਗਾ ਬਲਕਿ ਫੰਡ ਮਿਡ ਡੇ ਮੀਲ, ਮੁੱਖ ਦਫਤਰ ਦੇ SNA (Single Nodal Account) ਖਾਤੇ ਵਿੱਚ ਹੀ ਰਹੇਗਾ ਅਤੇ ਉਸ ਉਪਲੱਬਧ ਫੰਡ ਅਨੁਸਾਰ ਸਮੂਹ ਸਕੂਲਾਂ ਦੀਆਂ ਲਿਮਟਾਂ (Limits) ਬਣਾਈਆ ਜਾਣਗੀਆਂ ਜੋ ਕਿ ਉਹ PFMS Portal ਰਾਂਹੀ ਆਪਣੇ ਸਕੂਲ ਦੇ ਕੈਨਰਾ ਬੈਂਕ ਖਾਤੇ ਨੂੰ ਵਰਤੋ ਵਿੱਚ ਲਿਆਉਂਦੇ ਹੋਏ ਮਿਡ ਡੇ ਮੀਲ ਦੀਆਂ ਅਦਾਇਗੀਆਂ ਕਰਨਗੇ।

ਉਕਤ ਸਬੰਧੀ ਮੁੱਖ ਦਫਤਰ ਵੱਲੋ ਪਹਿਲਾਂ ਵੀ ਹਦਾਇਤਾਂ ਜਾਰੀ ਕੀਤੀਆਂ ਗਈਆ ਹਨ ਪ੍ਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਸਕੂਲ ਮੁੱਖੀਆਂ ਵੱਲੋ ਕੈਨਰਾ ਬੈਂਕ ਵਿੱਚ ਖਾਤਾ ਖੁਲਵਾਉਣ ਹਿੱਤ ਰੁਚੀ ਨਹੀ ਵਿਖਾਈ ਜਾ ਰਹੀ ਅਤੇ ਕੈਨਰਾ ਬੈਂਕ ਦੇ ਕਰਮਚਾਰੀਆਂ ਨੂੰ ਸਹਿਯੋਗ ਨਹੀ ਦਿੱਤਾ ਜਾ ਰਿਹਾ, ਜਦਕਿ ਇਹ ਪ੍ਰਕ੍ਰਿਆਂ ਪੂਰੀ ਹੋਣ ਉਪਰੰਤ ਹੀ ਕੇਂਦਰ ਸਰਕਾਰ ਵੱਲੋ ਮਿਡ ਡੇ ਮੀਲ ਦੇ ਫੰਡਜ਼ ਜਾਰੀ ਕੀਤੇ ਜਾਣਗੇ।

ਉਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਮਿਤੀ 10-11-2021 ਨੂੰ ਸਵੇਰੇ 9:00 AM ਤੋ 10:00 AM ਵਜੇ ਕੈਨਰਾ ਬੈਂਕ ਅਧਿਕਾਰੀਆਂ ਵੱਲੋ ਇੱਕ Presentation ਦਿੱਤੀ ਜਾਵੇਗੀ ਅਤੇ ਲੈਕਚਰ ਦਿੱਤਾ ਜਾਵੇਗਾ, ਜਿਸ ਵਿੱਚ ਆਪ ਨੂੰ ਨਵੇ ਸਿਸਟਮ ਵਿੱਚ ਕੰਮ ਕਿਵੇ

ਕੀਤਾ ਜਾਵੇਗਾ ਅਤੇ ਇਸ ਨਾਲ ਆਪ ਦਾ ਕੰਮ ਕਿਵੇ ਆਸਾਨ ਹੋਵੇਗਾ ਇਸਦੀ ਜਾਣਕਾਰੀ ਦਿੱਤੀ ਜਾਵੇਗੀ।

ਉਪਰੋਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹ ਸਕੂਲ ਮੁੱਖੀਆਂ ਅਤੇ ਮਿਡ ਡੇ ਮੀਲ ਇੰਚਾਰਜ਼ਿਸ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਲੈਕਚਰ ਵਿੱਚ ਸ਼ਾਮਿਲ ਹੋਣਾਂ ਯਕੀਨੀ ਬਣਾਇਆ ਜਾਵੇ ਅਤੇ ਇਹ ਵੀ ਲ਼ਿਖਿਆ ਜਾਂਦਾ ਹੈ ਕਿ ਕੈਨਰਾ ਬੈਂਕ ਕਰਮਚਾਰੀਆਂ ਨੂੰ ਸਕੂਲ ਵਿੱਚ ਮਿਡ ਡੇ ਮੀਲ ਸਬੰਧੀ ਖਾਤਾ ਖੋਲਣ ਵਿੱਚ ਪੂਰਨ ਸਹਿਯੋਗ ਦਿੱਤਾ ਜਾਵੇ ਤਾਂ ਜੋ ਆਪ ਨੂੰ ਮਿਡ ਡੇ ਮੀਲ ਹਿੱਤ ਫੰਡਜ਼ ਜਲਦ ਤੋ ਜਲਦ ਭੇਜੇ ਜਾ ਸਕਣ।

ਅਸਿਸਟੈਂਟ ਪ੍ਰੋਜੈਕਟਰ ਡਾਇਰੈਕਟਰ

ਪਿੱ.ਅੰ.ਨੰ ਐਮ.ਡੀ.ਐਮ.ਐਸ/ਜੀ.ਐਮ./2021/ 35 9 1 4 0 ਮਿਤੀ : 09/11/2021

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੈਕਚਰ ਵਿੱਚ ਹਾਜ਼ਰੀ ਯਕੀਨੀ ਬਣਾਉਣ ਹਿੱਤ ਭੇਜਿਆ ਜਾਂਦਾ ਹੈ।

1. ਡਿਪਟੀ ਐੱਸ.ਪੀ.ਡੀ ਆਈ.ਸੀ.ਟੀ,ਸੋਸਾਇਟੀ, ਪੰਜਾਬ ਨੂੰ ਸੂਚਨਾ ਹਿੱਤ।
2. ਸਮੂਹ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
3. ਸਮੂਹ ਲੇਖਾਕਾਰ, ਮਿਡ ਡੇ ਮੀਲ, ਪੰਜਾਬ।
4. ਸਮੂਹ ਸਹਾਇਕ ਬਲਾਕ ਮੈਨੇਜਰਜ਼/ ਬਲਾਕ ਮਿਡ ਡੇ ਮੀਲ ਇੰਚਾਰਜਿਸ਼।

ਜਨਰਲ ਮੈਨੇਜਰ